# ਜਨਰਲ ਚਾਈਨੀਜ਼ ਚੈਰਿਟੀਜ਼ ਫੰਡ (ਆਮ ਚੀਨੀ ਦਾਨ ਪੂੰਜੀ)

# ਅਤੇ

# ਸਪੈਸ਼ਲ ਏਡ ਫੰਡ (ਵਿਸ਼ੇਸ਼ ਸਹਾਇਤਾ ਪੂੰਜੀ)

## ਜਾਣ-ਪਛਾਣ

ਜਨਰਲ ਚਾਈਨੀਜ਼ ਚੈਰਿਟੀ ਫੰਡ (GCCF) ਅਤੇ ਸਪੈਸ਼ਲ ਏਡ ਫੰਡ (SAF) ਦਾ ਉਦੇਸ਼ ਹਾਂਗਕਾਂਗ ਦੇ ਉਨ੍ਹਾਂ ਨਿਵਾਸੀਆਂ ਨੂੰ ਸੰਕਟਕਾਲੀਨ (ਐਮਰਜੈਂਸੀ) ਸਥਿਤੀ ਵਿੱਚ ਰਾਹਤ ਪ੍ਰਦਾਨ ਕਰਨਾ ਹੈ ਜੋ ਕੁਦਰਤੀ ਆਫ਼ਤਾਂ ਜਾਂ ਦੁਰਘਟਨਾਵਾਂ ਤੋਂ ਪ੍ਰਭਾਵਿਤ ਹਨ ਅਤੇ ਉਨ੍ਹਾਂ ਨੂੰ ਤੁਰੰਤ ਸਹਾਇਤਾ ਦੀ ਲੋੜ ਹੈ। GCCF ਚਾਈਨੀਜ਼ ਲੋੜਵੰਦ ਪਰਿਵਾਰਾਂ ਜਾਂ ਵਿਅਕਤੀਆਂ ਨੂੰ ਐਮਰਜੈਂਸੀ ਰਾਹਤ ਪ੍ਰਦਾਨ ਕਰਦਾ ਹੈ, ਜਦੋਂ ਕਿ SAF ਗੈਰ-ਚੀਨੀ ਲੋੜਵੰਦ ਪਰਿਵਾਰਾਂ ਜਾਂ ਵਿਅਕਤੀਆਂ ਦੀ ਮਦਦ ਕਰਦਾ ਹੈ। ਸਾਰੀਆਂ ਅਰਜ਼ੀਆਂ ਸਬੰਧਤ ਜ਼ਿਲ੍ਹਾ ਦਫ਼ਤਰਾਂ (DOs) ਦੀ ਪ੍ਰਵਾਨਗੀ ਦੇ ਅਧੀਨ ਹਨ, ਅਤੇ ਬਿਨੈਕਾਰਾਂ ਦੀਆਂ ਵਿੱਤੀ ਮੁਸ਼ਕਲਾਂ ਦਾ ਮੁਲਾਂਕਣ ਕੀਤਾ ਜਾਵੇਗਾ।

## ਅਰਜ਼ੀ ਪ੍ਰਕਿਰਿਆ

ਸਥਾਨਕ ਘਟਨਾਵਾਂ ਤੋਂ ਪ੍ਰਭਾਵਿਤ ਵਿਅਕਤੀ ਸਬੰਧਤ DOs ਨੂੰ ਅਰਜ਼ੀਆਂ ਜਮ੍ਹਾਂ ਕਰਵਾ ਸਕਦੇ ਹਨ। ਪੁੱਛਗਿੱਛ ਲਈ, ਕਿਰਪਾ ਕਰਕੇ ਸਬੰਧਤ DO ਨਾਲ ਸੰਪਰਕ ਕਰੋ। ਕਿਰਪਾ ਕਰਕੇ DOs ਦੇ ਗ੍ਰਹਿ ਮਾਮਲਿਆਂ ਦੇ ਪੁੱਛਗਿੱਛ ਕੇਂਦਰਾਂ ਦੇ ਪਤੇ ਅਤੇ ਪੁੱਛਗਿੱਛ ਨੰਬਰਾਂ ਲਈ ਇੱਥੇ ਕਲਿੱਕ ਕਰੋ। ਅਜਿਹੇ ਮਾਮਲਿਆਂ ਲਈ ਜਿੱਥੇ ਹਾਂਗਕਾਂਗ ਦੇ ਵਸਨੀਕ ਹਾਂਗਕਾਂਗ ਤੋਂ ਬਾਹਰ ਆਫ਼ਤਾਂ ਵਿੱਚ ਗੰਭੀਰ ਰੂਪ ਵਿੱਚ ਜ਼ਖਮੀ ਜਾਂ ਮ੍ਰਿਤਕ ਹੋ ਜਾਂਦੇ ਹਨ, ਇਮੀਗ੍ਰੇਸ਼ਨ ਵਿਭਾਗ ਰਾਹੀਂ ਗ੍ਰਹਿ ਮਾਮਲਾ ਵਿਭਾਗ ਦੇ ਹੈੱਡਕੁਆਰਟਰ ਨੂੰ ਅਰਜ਼ੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।